# ਭਵਿੱਖ ਵਾਸਤੇ ਸਥਿਰਤਾ ਅਤੇ ਭਰੋਸਾ ਬਣਾਉਂਦਿਆਂ ਹੋਇਆਂ

## ਬੱਜਟ 2009 ਦੀਆਂ ਵਿਸ਼ੇਸ਼ਤਾਈਆਂ

*"ਆਪਣੀ ਆਰਥਿਕਤਾ ਨੂੰ ਵਾਪਸ ਲੀਹ 'ਤੇ ਲਿਆਉਂਣ — ਪਰਿਵਾਰਾਂ ਅਤੇ ਕਮਿਊਨਿਟੀਆਂ ਦੀ ਸਹਾਇਤਾ ਕਰਨ — ਅਤੇ ਇਹ ਯਕੀਨੀ ਬਣਾ ਸਕਣ ਲਈ ਕਿ ਜਿੰਨ੍ਹਾਂ ਨੂੰ ਮਦਦ ਦੀ ਸਭ ਤੋਂ ਵੱਧ ਲੋੜ ਹੈ, ਉਨ੍ਹਾਂ ਲਈ ਮਦਦ ਉਪਲਬਧ ਹੋਵੇ, ਅਸੀਂ ਆਪਣੇ ਫਾਇਦਿਆਂ ਨਾਲ ਪੁਰ-ਨਿਵੇਸ਼ ਕਰ ਸਕਦੇ ਹਾਂ। ਅਸੀਂ ਆਪਣੇ ਇੰਨਫਰਾਸਟਰੱਕਚਰ 'ਚ ਝੱਟਪਟ ਅਤੇ ਅਨੋਖਾ ਪੂੰਜੀ ਨਿਵੇਸ਼ ਕਰ ਸਕਦੇ ਹਾਂ ਜਿਹੜਾ ਲੋਕਾਂ ਨੂੰ ਕੰਮ 'ਤੇ ਲਗਾਈ ਰੱਖੇਗਾ ਅਤੇ ਭਵਿੱਖ ਦੀ ਤਰੱਕੀ ਵਾਸਤੇ ਸਾਨੂੰ ਯੋਗ ਸਥਾਨ 'ਤੇ ਪੁਚਾਈ ਰੱਖੇਗਾ।*

ਮਾਨਯੋਗ ਕੌਲਿਨ ਹੈਨਸਨ ਮਿਨਿਸਟਰ
ਆਫ ਫਾਇਨੈਂਸ

ਬੱਜਟ 2009 ਬੀ.ਸੀ. ਦੇ ਪਰਿਵਾਰਾਂ, ਬਿਜ਼ਨਸਾਂ ਅਤੇ ਕਮਿਊਨਿਟੀਆਂ ਵਾਸਤੇ ਸਥਿਰਤਾ ਅਤੇ ਭਰੋਸਾ ਪ੍ਰਦਾਨ ਕਰਦਾ ਹੈ। ਸਰਕਾਰ ਹਜ਼ਾਰਾਂ ਦੀ ਗਿਣਤੀ 'ਚ ਰੁਜ਼ਗਾਰ ਪੈਦਾ ਕਰਨ ਲਈ ਅਤੇ ਉਨ੍ਹਾਂ ਜਨਤਕ ਸੇਵਾਵਾਂ ਨੂੰ ਵਧਾਉਂਣ ਲਈ, ਜਿੰਨ੍ਹਾਂ ਉੱਪਰ ਬਿਟ੍ਰਿਸ ਕੁਲੰਬੀਆ ਦੇ ਵਾਸੀ ਨਿਰਭਰ ਕਰਦੇ ਹਨ, ਝੱਟਪਟ ਕਾਰਵਾਈ ਕਰ ਰਹੀ ਹੈ। ਗਲੋਬਲ ਆਰਥਿਕਤਾ 'ਚ ਭੁਚਾਲਮਈ ਪ੍ਰੀਵਰਤਨ ਨੇ ਬੀ.ਸੀ. 'ਤੇ ਵਿਚਿਤਰ ਪ੍ਰਭਾਵ ਪਾਇਆ ਹੈ, ਜਿਸਦੇ ਨਤੀਜੇ ਵਜੋਂ ਸਕਰਾਰੀ ਪ੍ਰੋਗਰਾਮ ਅਤੇ ਸੇਵਾਵਾਂ ਵਾਸਤੇ ਫੰਡਿੰਗ ਦੇਣ ਲਈ ਲੋੜੀਂਦੇ ਪੈਸੇ 'ਚ ਤਿੱਖੀ ਗਿਰਾਵਟ ਆਈ ਹੈ। ਟੈਕਸ ਵਧਾਉਂਣ ਅਤੇ ਪ੍ਰਾਥਮਿਕ ਪ੍ਰੋਗਰਾਮਾਂ ਉੱਪਰ ਕੀਤੇ ਜਾਂਦੇ ਖਰਚਿਆਂ 'ਚ ਅਚਨਚੇਤੀ ਕਟੌਤੀ ਕਰਨ ਦੀ ਬਜਾਏ ਬੀ.ਸੀ. ਸਰਕਾਰ ਪੰਜ ਸਾਲਾਂ 'ਚ ਆਪਣਾ ਪਹਿਲਾ ਘਾਟੇ ਦਾ ਬੱਜਟ ਪੇਸ਼ ਕਰੇਗੀ। ਅਰਜ਼ੀ ਘਾਟਾ ਜੋ ਬੱਜਟ 2009 'ਚ ਵਿਖਾਇਆ ਗਿਆ ਹੈ ਉਹ ਕੁੱਲ 495 ਮਿਲੀਅਨ ਡਾਲਰ 2009/10 'ਚ ਅਤੇ 245 ਮਿਲੀਅਨ ਡਾਲਰ 2010/11 'ਚ ਹੋਵੇਗਾ। ਸੂਬਾਈ ਵਿਧਾਨ ਅਨੁਸਾਰ 2011/12 ਦੇ ਵਿੱਤੀ ਵਰ੍ਹੇ ਤੱਕ ਬੱਜਟ ਨੂੰ ਮੁੜ ਸੰਤੁਲਤ ਕਰਨ ਦੀ ਜ਼ਰੂਰਤ ਹੈ। ਵਿੱਤ ਦੇ ਜ਼ਿੰਮੇਵਾਰਾਨਾਂ ਇੰਤਜ਼ਾਮ ਅਤੇ ਸੂਬਾਈ ਆਰਥਿਕਤਾ ਦੀ ਧਿਆਨ-ਪੂਰਬਕ ਪ੍ਰਬੰਧਕਤਾ ਨੇ ਔਖੇ ਆਰਥਿਕ ਸਮਿਆਂ 'ਚ ਬਿਟ੍ਰਿਸ਼ ਕੁਲੰਬੀਆ ਨਿਵਾਸੀਆਂ ਲਈ ਮੂਲਕ ਸੇਵਾਵਾਂ ਪ੍ਰਦਾਨ ਕਰਨ ਤੇ ਉਨ੍ਹਾਂ 'ਚ ਵਾਧੇ ਵਾਸਤੇ ਲੋੜੀਂਦੀ ਲਚਕਤਾ ਮੁਹੱਈਆ ਕੀਤੀ ਹੈ।

ਬੱਜਟ 2009 ਸੂਬੇ ਭਰ 'ਚ ਸੜਕਾਂ, ਸਕੂਲ, ਘਰ ਅਤੇ ਹਸਪਤਾਲ ਬਣਾਉਂਣ ਅਤੇ ਅੱਪਗਰੇਡ ਕਰਨ ਲਈ 14 ਬਿਲੀਅਨ ਡਾਲਰਾਂ ਦੇ ਪੂੰਜੀਨਿਵੇਸ਼ ਦੀ ਵਿਵਸਥਾ ਕਰਦਾ ਹੈ, ਜਿਸ ਨਾਲ ਨਵੇਂ ਮੌਕੇ ਅਤੇ 88,000 ਤੱਕ ਦੀ ਗਿਣਤੀ 'ਚ ਨਵੇਂ ਰੁਜ਼ਗਾਰ ਪੈਦਾ ਹੋਣਗੇ। ਇਹ ਪ੍ਰਸ਼ਾਸਕੀ ਅਤੇ ਹੋਰ ਖਰਚਿਆਂ 'ਚ ਤਿੰਨ ਸਾਲਾਂ ਦੇ ਸਮੇਂ ਅੰਦਰ 1.9 ਬਿਲੀਅਨ ਡਾਲਰ ਦੀ ਬੱਚਤ ਕਰਨ ਅਤੇ ਇੰਨ੍ਹਾਂ ਬੱਚਤਾਂ ਨੂੰ ਸਿਹਤ, ਵਿਦਿਆ ਤੇ ਸਾਮਾਜਿਕ ਪ੍ਰੋਗਰਾਮਾਂ ਦੇ ਪ੍ਰਾਥਮਿਕ ਖੇਤਰਾਂ ਨੂੰ ਦੇਣ ਦੀ ਵਿਵਸਥਾ ਕਰਦਾ ਹੈ।

ਆਰਥਿਕ ਗਿਰਾਵਟ ਦੇ ਬਾਵਜੂਦ ਉੱਘੇ ਅਰਥ-ਸ਼ਾਸਤਰੀ ਸਹਿਮਤ ਹਨ ਕਿ ਬੀ.ਸੀ. ਦੀ ਆਰਥਿਕਤਾ ਨਵੀਂ ਮਜ਼ਬੂਤੀ ਹਾਸਲ ਕਰੇਗੀ ਅਤੇ 2010 'ਚ ਮੁੜ ਪੈਰਾਂ ਸਿਰ ਆ ਜਾਵੇਗੀ। 2010 ਦੀਆਂ ਓਲਿੰਪਿਕ ਅਤੇ ਪੈਰਾਓਲਿੰਪਿਕ ਵਿੰਟਰ ਗੇਮਾਂ ਬਿਟ੍ਰਿਸ਼ ਕੁਲੰਬੀਆ ਦੀ ਆਰਥਿਕਤਾ ਨੂੰ ਮਹੱਤਵਪੂਰਨ ਸ਼ਕਤੀ ਪ੍ਰਦਾਨ ਕਰਨਗੀਆਂ ਕਿਉਂਕਿ ਉਦੋਂ ਬਿਟ੍ਰਿਸ਼ ਕੁਲੰਬੀਆ ਨੂੰ ਦੁਨੀਆਂ ਦੇ ਸਾਹਮਣੇ ਪ੍ਰਦਰਸ਼ਤ ਕੀਤਾ ਜਾਵੇਗਾ। ਬੱਜਟ 2009 ਰੁਜ਼ਗਾਰ ਪੈਦਾ ਕਰਨ, ਪਰਿਵਾਰਾਂ ਦੀ ਮਦਦ ਕਰਨ ਅਤੇ ਕਮਿਊਨਿਟੀਆਂ 'ਚ ਪੂੰਜੀਨਿਵੇਸ਼ ਕਰਨ ਦੁਆਰਾ ਬਿਟ੍ਰਿਸ਼ ਕੁਲੰਬੀਆ ਨੂੰ ਮਜ਼ਬੂਤ ਬਣਾਉਂਦਾ ਹੈ। ਇਹ ਅਜਿਹਾ ਬੱਜਟ ਹੈ ਜਿਹੜਾ ਬਿਟ੍ਰਿਸ਼ ਕੁਲੰਬੀਆ ਦੇ ਵਾਸੀਆਂ ਨੂੰ ਸਥਿਰਤਾ ਅਤੇ ਭਰੋਸਾ ਪ੍ਰਦਾਨ ਕਰਦਾ ਅਤੇ ਚੰਗੇਰੇ ਭਵਿੱਖ ਦੀ ਉਸਾਰੀ ਵਾਸਤੇ ਇਕ ਰਸਤਾ ਤੈਅ ਕਰਦਾ ਹੈ।

BRITISH COLUMBIA
The Best Place on Earth

# ਰੁਜ਼ਗਾਰ ਪੈਦਾ ਕਰਨੇ, ਕਮਿਊਨਿਟੀਆਂ ਦੀ ਸਹਾਇਤਾ ਕਰਨਾਂ

## ਮੁੱਖ ਇੰਨਫਰਾਸਟਰੱਕਚਰ ਪ੍ਰੋਗਰਾਮ 88,000 ਰੁਜ਼ਗਾਰ ਪੈਦਾ ਕਰਨਗੇ

ਆਰਥਿਕ ਅਨਿਸ਼ਚਿਤਤਾ ਦੇ ਇਸ ਸਮੇਂ ਦੌਰਾਨ ਬਿਟ੍ਰਿਸ਼ ਕੁਲੰਬੀਆ ਸਰਕਾਰ ਸੂਬੇ ਦੇ ਹਰੇਕ ਖੇਤਰ 'ਚ ਇੰਨਫਰਾਸਟਰੱਕਚਰ ਪ੍ਰਾਜੈਕਟਾਂ 'ਚ ਤਕਰੀਬਨ 14 ਬਿਲੀਅਨ ਡਾਲਰਾਂ ਦਾ ਪੂੰਜੀਨਿਵੇਸ਼ ਕਰਨ ਲਈ ਤੇਜ਼ੀ ਨਾਲ ਕਾਰਵਾਈ ਕਰ ਰਹੀ ਹੈ।

ਅਗਲੇ ਤਿੰਨ ਸਾਲਾਂ ਦੌਰਾਨ ਨਵੇਂ ਪ੍ਰਾਜੈਕਟਾਂ 'ਚ ਹੋਰ ਤੇਜ਼ੀ ਲਿਆਉਂਣ ਲਈ ਫੈਡਰਲ ਸਰਕਾਰ ਨਾਲ 2 ਬਿਲੀਅਨ ਡਾਲਰਾਂ ਦੀ ਖਰਚੇ ਦੀ ਹਿੱਸੇਦਾਰੀ ਹੋਵੇਗੀ।

ਹੋਰ 10.6 ਬਿਲੀਅਨ ਡਾਲਰ ਸੂਬੇ ਦੀ ਅਗਲੇ ਤਿੰਨ ਸਾਲਾਂ ਲਈ ਬਣੀ ਕੈਪੀਟਲ ਪਲੈਨ ਅੰਦਰ ਮਨਜ਼ੂਰ ਹੋਏ ਪ੍ਰਾਜੈਕਟਾਂ ਲਈ ਰੱਖੇ ਗਏ ਹਨ।

ਅਤੇ 1.4 ਬਿਲੀਅਨ ਡਾਲਰ ਸਥਾਨਕ ਇੰਨਫਰਾਸਟਰੱਕਚਰ ਪ੍ਰਾਜੈਕਟ, ਜਿਹੜੇ ਸਥਾਨਕ ਸਰਕਾਰਾਂ ਅਤੇ ਫੈਡਰਲ ਸਰਕਾਰ ਦੀ ਭਾਈਵਾਲੀ ਨਾਲ ਉਸਾਰੇ ਜਾ ਰਹੇ ਹਨ, ਉਨ੍ਹਾਂ ਲਈ ਹਨ।

ਇਹ ਨਵੇਂ ਅਤੇ ਤੇਜ਼ੀ ਲਿਆਉਂਣ ਵਾਲੇ ਪੂੰਜੀਨਿਵੇਸ਼ ਬ੍ਰਿਟਿਸ਼ ਕੁਲੰਬੀਆ ਭਰ 'ਚ 88,000 ਰੁਜ਼ਗਾਰ ਪੈਦਾ ਕਰਨਗੇ ਅਤੇ ਅਜਿਹੀ ਸੰਪਤੀ ਉਸਾਰ ਦੇਣਗੇ ਜਿਸਦੀ ਸਾਨੂੰ ਭਵਿੱਖ ਵਿਚਲੇ ਆਪਣੇ ਵਾਧੇ ਅਤੇ ਵਿਕਾਸ ਵਾਸਤੇ ਲੋੜ ਹੈ।

ਇਹ ਪੂੰਜੀ ਨਿਵੇਸ਼:

- » 88,000 ਤੱਕ ਰੁਜ਼ਗਾਰ ਪੈਦਾ ਕਰਨੇ
- » ਸੀਨੀਅਰਾਂ, ਫਸਟ ਨੇਸ਼ਨਜ਼ ਅਤੇ ਬੇਘਰਿਆਂ ਲਈ ਨਵੇਂ ਘਰ ਉਸਾਰਨਗੇ ਤੇ ਨਾਲ ਦੀ ਨਾਲ ਲੋੜੀਂਦੇ ਹਸਪਤਾਲ, ਸਕੂਲ, ਸੜਕਾਂ, ਪੁਲ ਅਤੇ ਕਮਿਊਨਿਟੀ ਇਮਾਰਤਾਂ ਦੀ ਉਸਾਰੀ ਕਰਨਗੇ।

ਇਨ੍ਹਾਂ ਪੂੰਜੀਨਿਵੇਸ਼ਾਂ ਦਾ ਠਾਠਾਂ ਮਾਰਦਾ ਸਾਕਾਰਾਤਮਕ ਪ੍ਰਭਾਵ ਸੂਬੇ ਭਰ 'ਚ ਵੱਡੀਆਂ ਤੇ ਛੋਟੀਆਂ ਸਾਰੀਆਂ ਕਮਿਊਨਿਟੀਆਂ 'ਚ ਮਹਿਸੂਸ ਕੀਤਾ ਜਾਵੇਗਾ।

ਇਹ ਲੋੜੀਂਦੇ ਰੁਜ਼ਗਾਰ ਮੁਹੱਈਆ ਕਰਨਗੇ ਅਤੇ ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਵਾਸਤੇ ਦੇਰ ਤੱਕ ਹੰਢਣ ਵਾਲੇ ਜਨਤਕ ਇੰਨਫਰਾਸਟਰੱਕਚਰ ਦੀ ਸਿਰਜਨਾਂ ਕਰਨਗੇ।

2001 ਤੋਂ ਲੈ ਕੇ ਸਰਕਾਰ ਨੇ ਬੀ.ਸੀ. ਭਰ 'ਚ ਵਿਦਿਆ, ਸਿਹਤ, ਢੋਆ-ਢੁਆਈ ਅਤੇ ਹੋਰ ਸੈਕਟਰਾਂ ਵਿਚਲੇ ਵੱਡੇ ਪ੍ਰਾਜੈਕਟਾਂ 'ਚ 31 ਬਿਲੀਅਨ ਡਾਲਰਾਂ ਦਾ ਪੂੰਜੀ ਨਿਵੇਸ਼ ਕੀਤਾ ਹੈ।

ਬੱਜਟ 2009 ਆਰਥਿਕ ਗਿਰਾਵਟ ਦੇ ਇਸ ਸਮੇਂ ਦੌਰਾਨ ਸੂਬੇ ਭਰ ਦੀਆਂ ਕਮਿਊਨਿਟੀਆਂ 'ਚ ਆਰਥਿਕ ਕਾਰਵਾਈਆਂ ਨੂੰ ਸਹਾਇਤਾ ਦੇਣ ਲਈ ਚਾਰ ਸਾਲਾਂ ਦੇ ਸਮੇਂ 'ਚ ਚਾਲੂ ਪ੍ਰਾਜੈਕਟਾਂ ਨੂੰ ਫੰਡਿੰਗ ਵਜੋਂ 294 ਮਿਲੀਅਨ ਡਾਲਰਾਂ ਦਾ ਵਧੀਕ ਪੂੰਜੀ ਨਿਵੇਸ਼ ਕਰਦਾ ਹੈ, ਜਿਸ ਨਾਲ ਭਰੋਸਾ ਅਤੇ ਸਥਿਰਤਾ ਪ੍ਰਦਾਨ ਹੋਵੇਗੀ ਜੋ ਇਕ ਮਜ਼ਬੂਤ ਭਵਿੱਖ ਲਈ ਬੜੀ ਜ਼ਰੂਰੀ ਹੈ।

***3 ਸਾਲਾ ਰੁਜ਼ਗਾਰ ਉਪਜਾਊ ਯੋਜਨਾਂ*** - ਇੰਨ੍ਹਾਂ 'ਚ ਇੰਨਫਰਾਸਟਰੱਕਚਰ ਪੂੰਜੀਨਿਵੇਸ਼ ਦੁਆਰਾ: ਵਿਦਿਆ; ਪੋਸਟ ਸੈਕੰਡਰੀ ਵਿਦਿਆ; ਸਿਹਤ; ਢੋਆ-ਢੁਆਈ ਅਤੇ ਸੂਬਾਈ/ਫੈਡਰਲ ਉੱਦਮ।

**ਇੰਨਫਰਾਸਟਰੱਕਚਰ 'ਚ**

***14* ਬਿਲੀਅਨ ਡਾਲਰ**

**= 88,000 ਰੁਜ਼ਗਾਰ**

2 0 0 6 0 7 2 0 0 7 0 8 3 3 4 3 4 3 2 0 0 0 6 0 8 8 8 0 0 0 0 1 1 2 3 0 0 0 5 4 6 7 2 0 0 6 0 7 0 0 8 0 9 4 0 0 0 0 1 2 3 0 3 0 4 0 5 0 0 0 0 9 0 8 0 7 0
6 0 5 0 0 4 4 4 4 0 0 3 0 2 0 1 0 1 0 3 2 0 3 0 4 0 3 0 4 0 5 0 0 0 0 9 0 7 4 0 3 0 5 2 0 1 0 2 0 2 0 1 0 0 6 7 8 8 8 3 3 4 0 0 0 3 4 3 2 0 0 0 6 0 8 8 8
0 0 0 0 1 1 2 3 0 0 0 5 4 6 7 7 0 0 0 9 9 5 4 0 0 0 0 1 2 3 0 3 0 4 0 5 0 0 0 0 9 0 8 0 7 0 0 0 6 0 5 0 0 4 4 4 4 0 0 3 0 2 0 1 0 1 0 3 2 0 3 0 4 0 3 0 4
0 0 0 0 9 0 7 4 0 3 0 0 0 0 1 0 2 0 2 0 0 1 0 0 6 7 8 8 8 3 3 4 0 0 0 3 4 3 2 0 0 0 6 0 8 8 8 0 3 0 0 0 0 1 1 2 3 0 0 0 5 4 6 7 7 0 0 0 9 9 5 4 0 0 0 0 1
0 3 0 4 0 5 0 0 0 0 9 0 8 0 7 0 0 0 6 0 5 0 0 4 4 4 4 0 0 3 0 2 0 1 0 1 0 3 2 0 3 0 4 0 3 0 4 0 5 0 0 0 0 9 0 0 0 6 3 0 5 2 0 1 0 2 0 2 0 8 8 8 3 3 4 0 0

# ਫੈਸਲਾਕੁੰਨ ਕਾਰਵਾਈ

## ਭਵਿੱਖ ਲਈ ਤਿਆਰੀ ਕਰਦਿਆਂ

1 ***ਹਜ਼ਾਰਾਂ ਰੁਜ਼ਗਾਰ ਪੈਦਾ ਕਰਨਾਂ*** — ਅਸੀਂ ਇੰਨਫਰਾਸਟਰੱਕਚਰ ਪ੍ਰਾਜੈਕਟਾਂ, 'ਚ 14 ਬਿਲੀਅਨ ਡਾਲਰਾਂ ਦਾ ਪੂੰਜੀਨਿਵੇਸ਼ ਕਰ ਰਹੇ ਹਾਂ, ਜਿੰਨ੍ਹਾਂ 'ਚ K–12 ਸਕੂਲ ਅਤੇ ਪੋਸਟ-ਸੈਕੰਡਰੀ ਸੰਸਥਾਵਾਂ, ਹੈਲਥ ਕੇਅਰ ਫੈਸਿਲਿਟੀਆਂ ਅਤੇ ਢੋਆ-ਢੁਆਈ ਦੇ ਪ੍ਰਜੈਕਟਾਂ ਨੂੰ ਉਸਾਰਿਆ ਤੇ ਰੈਨੋਵੇਟ ਕੀਤਾ ਜਾਵੇਗਾ ਅਤੇ ਜਿੰਨ੍ਹਾਂ ਨਾਲ ਬੀ.ਸੀ. ਦੇ ਹਰੇਕ ਹਿੱਸੇ 'ਚ 88,000 ਤੱਕ ਰੁਜ਼ਗਾਰ ਪੈਦਾ ਹੋਣਗੇ।

2 ***ਬੀ.ਸੀ. ਦੀਆਂ ਕਮਿਊਨਿਟੀਆਂ 'ਚ ਪੂੰਜੀਨਿਵੇਸ਼ ਕਰਨਾਂ*** — ਅਸੀਂ ਇਹ ਯਕੀਨੀ ਬਣਾਉਂਣ ਲਈ ਪ੍ਰਤਿਬਧ ਹਾਂ ਕਿ ਸੂਬੇ ਭਰ 'ਚ ਸਾਡੀਆਂ ਕਮਿਊਨਿਟੀਆਂ ਦੀ ਉਸ ਸਹਾਇਤਾ ਤੱਕ ਪਹੁੰਚ ਹੋਵੇ, ਜਿਸ ਦੀ ਖੁਸ਼ਹਾਲ ਹੋਣ ਲਈ ਉਨ੍ਹਾਂ ਨੂੰ ਲੋੜ ਹੈ, ਇਸ 'ਚ ਵਧੀਕ ਮੂਲਕ ਸਾਮਾਜਿਕ ਸੇਵਾਵਾਂ, ਜਿੰਨ੍ਹਾਂ ਉੱਪਰ ਕਮਿਊਨਿਟੀਆਂ ਨਿਰਭਰ ਕਰਦੀਆਂ ਹਨ, ਵਾਸਤੇ ਰੱਖੀ 300 ਮਿਲੀਅਨ ਡਾਲਰਾਂ ਤੋਂ ਵੱਧ ਦੀ ਰਾਸ਼ੀ ਸ਼ਾਮਲ ਹੈ।

3 ***ਸਿਹਤ ਅਤੇ ਵਿਦਿਆ ਲਈ ਫੰਡਿੰਗ ਵਧਾਉਂਣਾ*** — ਮਿਨਿਸਟਰੀ ਆਫ ਹੈਲਥ ਸਰਵਿਸਿਜ਼ ਦੀ ਫੰਡਿੰਗ ਤਿੰਨ ਸਾਲਾਂ ਦੇ ਸਮੇਂ ਦੌਰਾਨ 4.8 ਬਿਲੀਅਨ ਡਾਲਰ ਵਧ ਜਾਵੇਗੀ, ਜਦੋਂ ਕਿ K–12 ਸਿਸਟਮ ਲਈ ਪ੍ਰਤਿ ਵਿਦਿਆਰਥੀ ਫੰਡਿੰਗ ਕਿਸੇ ਵੀ ਸਮੇਂ ਦੇ ਸਭ ਤੋਂ ਉੱਚੇ ਪੱਧਰ ਤੱਕ ਪੁੱਜ ਜਾਵੇਗੀ ਅਤੇ ਪੋਸਟ ਸੈਕੰਡਰੀ ਸੰਸਥਾਵਾਂ ਤਿੰਨ ਸਾਲਾਂ ਦੇ ਸਮੇਂ ਦੌਰਾਨ 228 ਮਿਲੀਅਨ ਡਾਲਰ ਵਧੀਕ ਪ੍ਰਾਪਤ ਕਰਨਗੀਆਂ।

4 ***ਕੈਨੇਡਾ 'ਚ ਸਭ ਤੋਂ ਘੱਟ ਪ੍ਰੋਵਿੰਸ਼ੀਅਲ ਇੰਨਕਮ ਟੈਕਸ*** — ਉਹ ਵਿਅਕਤੀ ਜਿਹੜੇ 116,000 ਡਾਲਰ ਤੱਕ ਪ੍ਰਤਿ ਵਰਸ਼ ਕਮਾ ਰਹੇ ਕਿਸੇ ਵੀ ਹੋਰ ਕੈਨੇਡੀਅਨ ਨਾਲੋਂ ਘੱਟ ਪ੍ਰੋਵਿੰਸ਼ੀਅਲ ਇੰਨਕਮ ਟੈਕਸ ਅਦਾ ਕਰਨਗੇ। ਬਹੁਤੇ ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਨੇ 2001 ਤੋਂ ਲੈ ਕੇ ਪ੍ਰੋਵਿੰਸ਼ੀਅਲ ਇੰਨਕਮ ਟੈਕਸ 'ਚ ਘੱਟੋ ਘੱਟ 37 ਪ੍ਰਤੀਸ਼ਤ ਕਟੌਤੀ ਹੁੰਦੀ ਵੇਖੀ ਹੈ ਅਤੇ 250,000 ਹੋਰ ਵਧੇਰੇ ਬ੍ਰਿਟਿਸ਼ ਕੁਲੰਬੀਆ ਨਿਵਾਸੀ ਹੁਣ ਕੋਈ ਪ੍ਰੋਵਿੰਸ਼ੀਅਲ ਇੰਨਕਮ ਟੈਕਸ ਨਹੀਂ ਦੇ ਰਹੇ।

5 ***ਬੀ.ਸੀ. ਦੇ ਵਿੱਤੀ ਲਾਭ ਨੂੰ ਬਣਾਈ ਰੱਖਣਾ*** — ਇੱਥੋਂ ਤੱਕ ਕਿ ਦੋ ਜ਼ਰੂਰੀ ਘਾਟੇ ਦੇ ਬੱਜਟਾਂ ਤੋਂ ਬਾਦ ਵੀ ਬੀ.ਸੀ. ਦਾ ਕਰਜ਼ੇ ਦੇ ਮੁਕਾਬਲੇ ਜੀ ਡੀ ਪੀ ਅਨੁਪਾਤ ਜਿੰਨਾਂ 2002 'ਚ ਸੀ ਉਸ ਨਾਲੋਂ 26 ਪ੍ਰਤਿਸ਼ਤ ਘੱਟ ਹੋਵੇਗਾ। ਕਾਰਪੋਰੇਟ ਅਤੇ ਸਮਾਲ ਬਿਜ਼ਨਸ ਇੰਨਕਮ ਟੈਕਸ ਦੋਹਾਂ 'ਚ 2001 ਤੋਂ ਲੈ ਕੇ ਵਿਚਿਤਰ ਢੰਗ ਨਾਲ ਗਿਰਾਵਟ ਹੋਈ ਹੈ; ਅਤੇ ਬੀ.ਸੀ. ਟ੍ਰਿੱਪਲ-ਏ ਕਰੈਡਿਟ ਰੇਟਿੰਗ ਰੱਖਣੀ ਜਾਰੀ ਰੱਖ ਰਿਹਾ ਹੈ। ਕਿਸੇ ਸੂਬੇ ਦੀ ਰੇਟਿੰਗ ਇਸ ਨਾਲੋਂ ਵੱਧ ਨਹੀਂ ਹੈ।

6 ***ਆਰਥਿਕ ਰਿਕਵਰੀ ਦਾ ਪੂੰਜੀਰੂਪਕ ਲਾਹਾ ਲੈਣਾ*** — ਅਸੀਂ 2010 ਦੀਆਂ ਓਪਲਿੰਪਕ ਅਤੇ ਪੈਰਾਓਲਿੰਪਕ ਵਿੰਟਰ ਗੇਮਾਂ ਦੀ ਮੇਜ਼ਬਾਨੀ ਦੁਆਰਾ, ਏਸ਼ੀਆ ਦੀਆਂ ਵਿਸ਼ਾਲ ਮਾਰਕੀਟਾਂ ਨਾਲ ਆਪਣੀ ਭੁਗੋਲਿਕ ਨਿਕਟਤਾ ਦੁਆਰਾ ਅਤੇ ਨਵੀਂ ਵਾਤਾਵਰਣ-ਪੱਖੀ ਆਰਥਿਕਤਾ 'ਚ ਆਗੂ ਬਣਨ ਲਈ ਹੁਣੇ ਤੋਂ ਤਿਆਰੀ ਕਰਨ ਦੁਆਰਾ ਮਿਲਦੇ ਮੌਕਿਆਂ ਦਾ ਫਾਇਦਾ ਲਵਾਂਗੇ।

# ਜਨਤਕ ਸੇਵਾਵਾਂ ‘ਚ ਸੁਧਾਰ ਲਿਆਉਂਣਾ

### *ਜਨਤਕ ਸੇਵਾਵਾਂ ‘ਚ ਸੁਧਾਰ ਲਿਆਉਂਣਾ*

ਬ੍ਰਿਟਿਸ਼ ਕੁਲੰਬੀਆ ਦੀ ਤਿੰਨ ਸਾਲਾ ਵਿੱਤੀ ਯੋਜਨਾਂ ਦੇ ਸਾਰੇ ਨਵੇਂ ਖਰਚਿਆਂ ਦਾ ਪੂਰਾ 90 ਪ੍ਰਤਿਸ਼ਤ ਹੈਲਥਕੇਅਰ ‘ਚ ਸੁਧਾਰ ਲਿਆਉਂਣ ਵਾਸਤੇ ਰੱਖਿਆ ਗਿਆ ਹੈ।

ਬਾਕੀ ਬਚਦਾ 10 ਪ੍ਰਤਿਸ਼ਤ ਵਿਦਿਆ ਅਤੇ ਸਾਮਾਜਿਕ ਪ੍ਰੋਗਰਾਮਾਂ ਸਮੇਤ ਹੋਰ ਕੁੰਜੀਵਤ ਪ੍ਰਾਥਮਿਕਤਾਵਾਂ ਨੂੰ ਦਿੱਤਾ ਗਿਆ ਹੈ।

ਬੱਜਟ 2009 ਪਰਿਵਾਰਾਂ ਅਤੇ ਕਮਿਊਨਿਟੀਆਂ ਦੀ ਸਹਾਇਤਾ ਕਰਨੀ ਜਾਰੀ ਰੱਖਦਾ ਹੈ।

ਇਹ ਨਿਰਬਲ ਬੱਚਿਆਂ ਅਤੇ ਨੌਜੁਆਨਾਂ ਦੀ ਸੰਭਾਲ ਅਤੇ ਸੁਰੱਖਿਆ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ ਨਵੀਂ ਫੰਡਿੰਗ ਮੁਹੱਈਆ ਕਰਦਾ ਹੈ ਜਿਸ ਨਾਲ ਬੱਚਿਆਂ ਅਤੇ ਪਰਿਵਾਰਾਂ ਦੇ ਸਿਹਤਮਈ ਵਿਕਾਸ ‘ਚ ਮਦਦ ਮਿਲੇਗੀ।

ਇਸ ‘ਚ ਸ਼ਾਮਲ ਹੈ:

» ਬੀ.ਸੀ. ਦੇ ਬੱਚਿਆਂ ਵਾਲੇ ਪਰਿਵਾਰਾਂ ਵਾਸਤੇ ਪ੍ਰੋਗਰਾਮਾਂ ਲਈ 110 ਮਿਲੀਅਨ ਡਾਲਰਾਂ ਦੀ ਫੰਡਿੰਗ।

» ਇੰਨਕਮ ਅਸਿਸਟੈਂਸ ਲਈ 110 ਮਿਲੀਅਨ ਡਾਲਰਾਂ ਦੀ ਨਵੀਂ ਫੰਡਿੰਗ।

» ਡਿਵੈਲਪਮੈਂਟਲ ਡਿਸੇਬਿਲਿਟੀਆਂ ਵਾਲੇ ਬਾਲਗਾਂ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ 73 ਮਿਲੀਅਨ ਡਾਲਰ।

### *ਕਮਿਊਨਿਟੀਆਂ ‘ਚ ਪੂੰਜੀਨਿਵੇਸ਼ ਕਰਨਾਂ*

ਬੱਜਟ 2009 ਚਾਰ ਸਾਲਾਂ ਦੇ ਸਮੇਂ ਦੌਰਾਨ ਕਮਿਊਨਿਟੀਆਂ ਲਈ ਨਵੀਂ ਅਤੇ ਸਿੱਧੀ ਸਹਾਇਤਾ ਮੁਹੱਈਆ ਕਰਦਾ ਹੈ, ਜਿਸ ‘ਚ ਸ਼ਾਮਲ ਹੈ:

» ਆਰਥਿਕ ਅਤੇ ਖੇਤਰੀ ਵਿਕਾਸ ਲਈ 81 ਮਿਲੀਅਨ ਡਾਲਰ।

» ਸਥਾਨਕ ਸਰਕਾਰਾਂ ਦੀ ਸਹਾਇਤਾ ਲਈ 213 ਮਿਲੀਅਨ ਡਾਲਰ।

» ਕਮਿਊਨਿਟੀ ਸੁਰੱਖਿਆ ਲਈ 58 ਮਿਲੀਅਨ ਡਾਲਰ

ਸੂਬਾਈ ਸਰਕਾਰ ਭਰੋਸੇ ਅਤੇ ਸਥਿਰਤਾ ਦੀ ਭਾਵਨਾਂ ਸਹਿਤ ਕਮਿਊਨਿਟੀਆਂ ਦੀ ਉਸਾਰੀ ਕਰ ਰਹੀ ਹੈ, ਜਿਹੜੀ ਕਿ ਮਜ਼ਬੂਤ ਭਵਿੱਖ ਲਈ ਬੜੀ ਜ਼ਰੂਰੀ ਗੱਲ ਹੈ।

### *ਵਿਦਿਆ ‘ਚ ਸੁਧਾਰ ਕਰਨਾਂ*

ਬੱਜਟ 2009 ਸਰਕਾਰ ਦੀ ਪੋਸਟ-ਸੈਕੰਡਰੀ ਸੰਸਥਾਵਾਂ ਦੀ ਫੰਡਿੰਗ ਨੂੰ ਵਧਾਉਂਣ ਦੀ ਪ੍ਰਤਿਬਧਤਾ ਦੀ ਪੁਸ਼ਟੀ ਕਰਦਾ ਹੈ।

ਸੂਬਾ ਸਰਕਾਰ ਆਪਣੇ ਬੱਚਿਆਂ ‘ਚ ਪੂੰਜੀਨਿਵੇਸ਼ ਕਰਨਾ ਜਾਰੀ ਰੱਖਦੀ ਹੈ - ਜੋ ਬਿਟ੍ਰਿਸ਼ ਕੁਲੰਬੀਆ ਦਾ ਭਵਿੱਖ ਹਨ। ਬੱਜਟ 2009 K–12 ਸਿਸਟਮ ਲਈ ਪ੍ਰਤਿ ਵਿਦਿਆਰਥੀ ਫੰਡਿੰਗ ਨੂੰ ਵਧਾਕੇ 8,242 ਡਾਲਰ ਕਰਦਾ ਹੈ, ਜਿਹੜੀ ਸੂਬੇ ਦੇ ਇਤਿਹਾਸ ‘ਚ ਸਭ ਤੋਂ ਉੱਚ ਦਰਜ਼ੇ ਦੀ ਹੈ।

ਸਰਕਾਰ ਪੋਸਟ-ਸੈਕੰਡਰੀ ਵਿਦਿਆ ਤੱਕ ਪਹੁੰਚ ਨੂੰ ਵਧਾਉਂਣਾ ਅਤੇ ਆਪਣੀ ਲੇਬਰ ਫੋਰਸ ਨੂੰ ਵਿਕਸਿਤ ਕਰਨਾਂ ਜਾਰੀ ਰੱਖ ਰਹੀ ਹੈ।

ਬੱਜਟ 2009 ਤਿੰਨ ਸਾਲਾਂ ਦੇ ਸਮੇਂ ਦੌਰਾਨ ਪੋਸਟ-ਸੈਕੰਡਰੀ ਵਿਦਿਆ ਲਈ 228 ਮਿਲੀਅਨ ਡਾਲਰ ਮੁਹੱਈਆ ਕਰਦਾ ਹੈ, ਜਿਸ ‘ਚ ਸ਼ਾਮਲ ਹੈ:

» ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਸੰਸਥਾਵਾਂ ‘ਚ ਪੋਸਟ-ਸੈਕੰਡਰੀ ਵਿਦਿਆ ਦੇ ਮੌਕਿਆਂ ਤੱਕ ਪਹੁੰਚ ਨੂੰ ਵਧਾਉਂਣ ਲਈ 165 ਮਿਲੀਅਨ ਡਾਲਰ।


» ਹੈਲਥ ਕੇਅਰ ਸੈਕਟਰ ‘ਚ ਥੋੜ ਨੂੰ ਘਟਾਉਂਣ ਵਾਸਤੇ ਸਿਹਤ ਵਿਦਿਆ ਦੇ ਵਿਸਥਾਰ ਲਈ 40 ਮਿਲੀਅਨ ਡਾਲਰ। ਇਸ ‘ਚ ਸ਼ਾਮਲ ਹੈ: ਨਰਸਿੰਗ, ਮੈਡੀਕਲ ਤਕਨਾਲੋਜੀ ਅਤੇ ਫਾਰਮੇਸੀ ‘ਚ ਤਿੰਨ-ਸਾਲਾ ਬੈਚਲਰ ਆਫ ਸਾਇੰਸ ਦੀ ਡਿਗਰੀ ਦਾ ਵਿਸਥਾਰ।

» ਬ੍ਰਿਟਿਸ਼ ਕੁਲੰਬੀਆ ‘ਚ ਟ੍ਰੇਂਡ ਡਾਕਟਰਾਂ ਦੀ ਗਿਣਤੀ ਵਧਾਉਂਣ ਲਈ 23 ਮਿਲੀਅਨ ਡਾਲਰ।

ਬ੍ਰਿਟਿਸ਼ ਕੁਲੰਬੀਆ ਨੂੰ ਮੁਕਾਬਲੇ ‘ਚ ਬਣੇ ਰਹਿਣ ਅਤੇ ਹੁਨਰੀ ਥੋੜ ਨਾਲ ਨਜਿੱਠਣ ਲਈ ਉੱਚ-ਹੁਨਰੀ ਵਰਕਫੋਰਸ ਨੂੰ ਖਿੱਚਣ ਅਤੇ ਟਿਕਾਈ ਰੱਖਣ ਦੀ ਲੋੜ ਹੈ।

ਬੱਜਟ 2009 ਵਿਚਲਾ ਤਿੰਨ ਸਾਲਾਂ ਦੇ ਸਮੇਂ ਦੌਰਾਨ 16 ਮਿਲੀਅਨ ਡਾਲਰਾਂ ਦਾ ਨਵਾਂ ਪੂੰਜੀ ਨਿਵੇਸ਼ ਸਕਿਲਜ਼ ਕੁਨੈਕਟ ਫਾਰ ਇੰਮੀਗਰੈਂਟਸ ਅਤੇ ਇੰਟਰਨੈਸ਼ਨਲ ਕੁਆਲੀਫਿਕੇਸ਼ਨ ਪ੍ਰੋਗਰਾਮਜ਼ ਲਈ ਸਹਾਇਤਾ ਬਣੇਗਾ।

ਇਹ ਦੋਵੇਂ ਪ੍ਰੋਗਰਾਮ ਕਈ ਇੰਮੀਗਰੈਂਟਾਂ ਵੱਲੋਂ ਲੇਬਰ ਮਾਰਕੀਟ ‘ਚ ਪੂਰਨ ਰੂਪ ‘ਚ ਦਾਖਲ ਹੋਣ ਵਿਚ ਆਉਂਦੀਆਂ ਰੁਕਾਵਟਾਂ ਨੂੰ ਹੱਲ ਕਰਨਗੇ।




### ਹੈਲਥ ਕੇਅਰ 'ਚ ਸੁਧਾਰ ਲਿਆਉਂਣਾ

ਬੱਜਟ 2009 ਮਿਨਿਸਟਰੀ ਆਫ ਹੈਲਥ ਸਰਵਿਸਿਜ਼ ਅਤੇ ਹੈਲਥ ਕੇਅਰ ਅਥਾਰਿਟੀਆਂ ਨੂੰ 945 ਮਿਲੀਅਨ ਡਾਲਰ ਵਧੀਕ ਮੁਹੱਈਆ ਕਰਨ ਦੁਆਰਾ ਸਰਕਾਰ ਦੀ ਹੈਲਥ ਕੇਅਰ ਬਾਰੇ ਪ੍ਰਤਿਬਧਤਾ ਨੂੰ ਜਾਰੀ ਰੱਖਦਾ ਹੈ।


ਇਹ ਵਾਧਾ ਤਿੰਨ ਸਾਲਾਂ ਦੇ ਸਮੇਂ ਦੌਰਾਨ 3.9 ਬਿਲੀਅਨ ਡਾਲਰ ਦੀ ਰੱਖੀ ਗਈ ਫੰਡਿੰਗ ਤੋਂ ਇਲਾਵਾ ਹੈ। ਬੱਜਟ 2009 ਮੁਹੱਈਆ ਕਰਦਾ ਹੈ:

» ਮਰੀਜ਼ਾਂ ਦੀਆਂ ਲੋੜਾਂ ਨੂੰ ਉਨ੍ਹਾਂ ਦੀਆਂ ਕਮਿਊਨਿਟੀਆਂ 'ਚ ਪੂਰੀਆਂ ਕਰਨ ਲਈ 562 ਮਿਲੀਅਨ ਡਾਲਰਾਂ ਦੀ ਹੈਲਥ ਅਥਾਰਿਟੀ ਫੰਡਿੰਗ।

» ਬੀ.ਸੀ. ਭਰ 'ਚ ਮਰੀਜ਼ਾਂ ਦੀ ਸੰਭਾਲ ਦੇ ਮਿਨਿਸਟਰੀ ਆਫ ਹੈਲਥ ਸਰਵਿਸਿਜ਼ ਦੇ ਹੋਰ ਪ੍ਰੋਗਰਾਮਾਂ ਦੇ ਵਾਧੇ ਲਈ 358 ਮਿਲੀਅਨ ਡਾਲਰ।

» ਮਹੱਤਵਪੂਰਨ ਪਬਲਿਕ ਹੈਲਥ ਖੋਜ ਕਾਰਜਾਂ ਵਾਸਤੇ 15 ਮਿਲੀਅਨ ਡਾਲਰ।

» ਬੀ.ਸੀ. ਦੇ ਪਰਿਵਾਰਾਂ ਲਈ ਨਵੀਂ ਮੈਡੀਕਲ ਟਰੈਵਲ ਅਸਿਸਟੈਂਸ ਲਈ 13 ਮਿਲੀਅਨ ਡਾਲਰ।



# ਮੁਕਾਬਲੇਮਈ ਫਾਇਦਾ

## ਨਿੱਜੀ ਇੰਨਕਮ ਟੈਕਸ 2001 ਤੋਂ ਲੈ ਕੇ ਕਟੌਤੀਆਂ

» ਚਾਰ ਜੀਆਂ ਦਾ ਪਰਿਵਾਰ ਜੋ 70,000 ਡਾਲਰ ਕਮਾਉਂਦਾ ਹੈ ਹੁਣ 2002 ਡਾਲਰ ਪ੍ਰਤਿ ਵਰਸ਼ ਘੱਟ ਅਦਾਇਗੀ ਕਰਦਾ ਹੈ
— ਇਹ 45 ਪ੍ਰਤਿਸ਼ਤ ਦੀ ਕਟੌਤੀ ਹੈ।

» ਇਕ ਇਕੱਲਾ ਜਣਾ ਜੋ 20,000 ਡਾਲਰ ਕਮਾਉਂਦਾ ਹੈ ਹੁਣ 618 ਡਾਲਰ ਪ੍ਰਤਿ ਵਰਸ਼ ਘੱਟ ਅਦਾਇਗੀ ਕਰਦਾ ਹੈ
— ਇਹ 78 ਪ੍ਰਤਿਸ਼ਤ ਦੀ ਕਟੌਤੀ ਹੈ।

» ਇਕ ਸੀਨੀਅਰ ਜੋੜਾ ਜੋ 30,000 ਡਾਲਰ ਕਮਾਉਂਦਾ ਹੈ ਹੁਣ 71 ਡਾਲਰ ਪ੍ਰਤਿ ਵਰਸ਼ ਘੱਟ ਅਦਾਇਗੀ ਕਰਦਾ ਹੈ
— ਇਹ 100 ਪ੍ਰਤਿਸ਼ਤ ਦੀ ਕਟੌਤੀ ਹੈ।

## ਕਾਰਪੋਰਟੇ ਇੰਨਕਮ ਟੈਕਸ 2001 ਤੋਂ ਲੈ ਕੇ ਕਟੌਤੀਆਂ

» ਛੋਟੇ ਬਿਜ਼ਨਸਾਂ ਲਈ ਕਾਰਪੋਰੇਟ ਇੰਨਕਮ ਟੈਕਸ ਦੀ ਦਰ 4.5 ਪ੍ਰਤਿਸ਼ਤ ਤੋਂ ਘਟਾ ਕੇ 2.5 ਪ੍ਰਤਿਸ਼ਤ 'ਤੇ ਲਿਆਂਦੀ ਗਈ ਹੈ
— ਇਹ 44 ਪ੍ਰਤਿਸ਼ਤ ਦੀ ਕਟੌਤੀ ਹੈ।

» ਆਮ ਕਾਰਪੋਰੇਟ ਇੰਨਕਮ ਟੈਕਸ ਦੀ ਦਰ 16.5 ਪ੍ਰਤਿਸ਼ਤ ਤੋਂ ਘਟਾ ਕੇ 11 ਪ੍ਰਤਿਸ਼ਤ 'ਤੇ ਲਿਆਂਦੀ ਗਈ ਹੈ
— 2011 ਤੱਕ ਬ੍ਰਿਟਿਸ਼ ਕੁਲੰਬੀਆ ਦੇ ਆਮ ਕਾਰਪੋਰੇਟ ਇੰਨਕਮ ਟੈਕਸ ਦੀ ਦਰ 10 ਪ੍ਰਤਿਸ਼ਤ ਹੋਵੇਗੀ
— ਇਹ 39 ਪ੍ਰਤਿਸ਼ਤ ਦੀ ਕਟੌਤੀ ਹੈ।

ਬੀ.ਸੀ. ਸਰਕਾਰ ਵਿੱਤੀ ਜ਼ਿੰਮੇਵਾਰੀ ਅਤੇ ਟੈਕਸ ਦੇਣ ਵਾਲਿਆਂ ਦੇ ਪੈਸੇ ਦੇ ਕੁਸ਼ਲਤਾ ਸਹਿਤ ਪ੍ਰਬੰਧਨ ਲਈ ਪ੍ਰਤਿਬਧ ਹੈ।

2001 ਤੋਂ ਲੈ ਕੇ ਸਰਕਾਰ ਨੇ ਸੂਬਾਈ ਕਰਜ਼ਾ ਘਟਾਇਆ ਹੈ ਅਤੇ 120 ਤੋਂ ਵੀ ਵੱਧ ਵਾਰ ਟੈਕਸ 'ਚ ਕਟੌਤੀਆਂ ਕੀਤੀਆਂ ਹਨ, ਜਿੰਨ੍ਹਾਂ ਨਾਲ ਬਿਜ਼ਨਸਾਂ ਅਤੇ ਬ੍ਰਿਟਿਸ਼ ਕੁਲੰਬੀਆ ਦੇ ਲੋਕਾਂ ਦੋਹਾਂ ਨੂੰ ਹੀ ਫਾਇਦਾ ਹੋਇਆ ਹੈ। 2001 ਤੋਂ ਲੈ ਕੇ ਟੈਕਸ ਦੇਣ ਵਾਲੇ ਬਹੁਤੇ ਲੋਕਾਂ ਲਈ ਨਿੱਜੀ ਇੰਨਕਮ ਟੈਕਸ 37 ਪ੍ਰਤਿਸ਼ਤ ਤੱਕ ਘਟਾਇਆ ਗਿਆ ਹੈ। ਵਿਅਕਤੀਗਤ ਬ੍ਰਿਟਿਸ਼ ਕੁਲੰਬੀਆ ਵਾਸੀ ਜੋ 116,000 ਡਾਲਰ ਤੱਕ ਕਮਾਉਂਦੇ ਹਨ, ਹੁਣ ਕੈਨੇਡਾ ਭਰ 'ਚ ਸਭ ਤੋਂ ਘੱਟ ਸੂਬਾਈ ਨਿੱਜੀ ਇੰਨਕਮ ਟੈਕਸ ਦਿੰਦੇ ਹਨ।

ਛੋਟੇ ਬਿਜ਼ਨਸਾਂ ਲਈ ਕਾਰਪੋਰੇਟ ਇੰਨਕਮ ਟੈਕਸ ਦੀ ਦਰ 4.5 ਪ੍ਰਤਿਸ਼ਤ ਤੋਂ ਘਟਾ 2.5 ਪ੍ਰਤਿਸ਼ਤ ਕੀਤੀ ਗਈ ਹੈ ਅਤੇ ਹੇਠਲੀ ਹੱਦ 200,000 ਡਾਲਰ ਤੋਂ ਦੁੱਗਣੀ ਕਰਕੇ 400,000 ਡਾਲਰ ਕਰ ਦਿੱਤੀ ਗਈ ਹੈ।


ਬੀ.ਸੀ. ਦਾ ਕਾਰਪੋਰੇਟ ਇੰਨਕਮ ਟੈਕਸ 16.5 ਪ੍ਰਤਿਸ਼ਤ ਤੋਂ ਘਟਾ ਕੇ 11 ਪ੍ਰਤਿਸ਼ਤ ਕੀਤਾ ਗਿਆ ਹੈ। ਹੋਰ ਅਗੇਰੇ ਇਸ ਨੂੰ 2010 'ਚ 10.5 ਪ੍ਰਤਿਸ਼ਤ ਤੱਕ ਅਤੇ 2011 ਤੱਕ 10 ਪ੍ਰਤਿਸ਼ਤ ਤੱਕ ਘਟਾਇਆ ਜਾਵੇਗਾ। ਫੈਡਰਲ ਇੰਨਕਮ ਟੈਕਸ ਦਰ ਦੀਆਂ ਕਟੌਤੀਆਂ ਨਾਲ ਮਿਲਾਕੇ ਵੇਖਿਆਂ 2012 ਤੱਕ ਬੀ.ਸੀ. ਦੀ ਕਾਰਪੋਰੇਟ ਟੈਕਸ ਦਰ G7 ਮੁਲਕਾਂ 'ਚੋਂ ਸਭ ਤੋਂ ਘੱਟ ਹੋਵੇਗੀ।

ਬ੍ਰਿਟਿਸ਼ ਕੁਲੰਬੀਆ ਨੇ ਦੁਨੀਆਂ ਭਰ 'ਚ ਸਭ ਤੋਂ ਵਧੀਆ ਕਰੈਡਿਟ ਰੇਟਿੰਗ ਵਾਲਿਆਂ 'ਚੋਂ ਇਕ ਹੋਣ ਦਾ ਦਰਜ਼ਾ ਹਾਸਲ ਕੀਤਾ ਹੈ।

2004 ਤੋਂ ਲੈ ਕੇ ਬ੍ਰਿਟਿਸ਼ ਕੁਲੰਬੀਆ ਨੇ ਸੱਤ ਕਰੈਡਿਟ ਰੇਟਿੰਗ ਅੱਪਗਰੇਡ ਹਾਸਲ ਕੀਤੇ ਹਨ ਅਤੇ ਇਹ ਵੱਧ ਤੋਂ ਵੱਧ ਸੰਭਵ-ਟ੍ਰਿਪਲ ਏ ਕਰੈਡਿਟ ਰੇਟਿੰਗ ਮਾਣ ਰਿਹਾ ਹੈ। ਇਸ ਨਾਲ ਵਿੱਤੀ ਲਚਕਤਾ ਪ੍ਰਦਾਨ ਹੋਈ ਹੈ ਅਤੇ ਇਸਨੇ ਬ੍ਰਿਟਿਸ਼ ਕੁਲੰਬੀਆ ਨੂੰ ਵੱਡੇ ਪ੍ਰਾਜੈਕਟਾਂ ਲਈ ਸਭ ਤੋਂ ਵਧੀਆ ਹੱਦ ਤੱਕ ਸੰਭਵ ਸ਼ਰਤਾਂ 'ਤੇ ਉਧਾਰ ਲੈ ਸਕਣ ਦੇ ਯੋਗ ਬਣਾਇਆ ਹੈ।

# ਕੁਸ਼ਲ ਪ੍ਰਬੰਧਨ


## ਸੇਵਾਵਾਂ ਨੂੰ ਬਚਾਈ ਰੱਖਣ ਲਈ ਅਰਜ਼ੀ ਘਾਟੇ




ਬ੍ਰਿਟਿਸ਼ ਕੁਲੰਬੀਆ ਕੈਨੇਡਾ ਭਰ 'ਚ ਸਭ ਤੋਂ ਘੱਟ ਕਰਜ਼ੇ ਦੇ ਭਾਰ ਵਾਲਿਆਂ 'ਚੋਂ, ਕੇਵਲ ਐਲਬਰਟਾ 'ਤੋਂ ਪਿੱਛੇ ਹੈ। 2003/04 ਤੋਂ ਲੈ ਕੇ ਅਸੀਂ ਚਾਲੂ ਕਰਜ਼ਾ 15.7 ਬਿਲੀਅਨ ਡਾਲਰਾਂ ਤੋਂ ਘਟਾ ਕੇ 2008/09 'ਚ 6.4 ਬਿਲੀਅਨ ਡਾਲਰਾਂ ਤੱਕ ਲਿਆਂਦਾ ਹੈ - 9.3 ਬਿਲੀਅਨ ਡਾਲਰ ਜਾਂ ਤਕਰੀਬਨ 60 ਪ੍ਰਤਿਸ਼ਤ ਤੱਕ ਦੀ ਕਮੀ। ਇੰਨ੍ਹਾਂ ਕਮੀਆਂ ਨੇ ਸੂਬੇ ਨੂੰ ਇਕ ਖੁੱਲ੍ਹ ਪ੍ਰਦਾਨ ਕੀਤੀ ਹੈ ਜਿਸਦੀ ਮੌਜ਼ੂਦਾ ਆਰਿਥਕ ਚੁਣੌਤੀਆਂ ਨਾਲ ਨਿਪਟਣ ਵਾਸਤੇ ਲੋੜ ਸੀ, ਜਦੋਂ ਕਿ ਨਾਲ ਦੀ ਨਾਲ ਕਰਜ਼ੇ ਨੂੰ ਵੀ ਸਹਿਣਯੋਗ ਹੱਦ ਤੱਕ ਰੱਖਿਆ ਜਾਵੇਗਾ। ਕੁੱਲ ਮਿਲਾ ਕੇ ਟੈਕਸ ਦੇਣ ਵਾਲਿਆਂ ਵੱਲੋਂ ਸਹਾਇਤਾ-ਪ੍ਰਾਪਤ ਕਰਜ਼ੇ ਦੇ ਮੁਕਾਬਲੇ ਜੀ ਡੀ ਪੀ ਅਨੁਪਾਤ 2002 ਵਿਚਲੇ ਉੱਚ 21.3 ਪ੍ਰਤਿਸ਼ਤ ਤੋਂ ਘਟ ਕੇ ਅੱਜ 14 ਪ੍ਰਤਿਸ਼ਤ ਦੇ ਦੁਆਲੇ ਹੈ। ਨਤੀਜੇ ਵਜੋਂ, ਟੈਕਸ ਦੇਣ ਵਾਲਿਆਂ ਦੀ ਸਹਾਇਤਾ ਨਾਲ ਸੂਬਾਈ ਕਰਜ਼ੇ ਉੱਪਰ ਵਿਆਜ਼ ਦਾ ਖਰਚਾ ਘੱਟ ਰਹਿਣਾ ਜਾਰੀ ਰਹਿੰਦਾ ਰਿਹਾ ਹੈ ਅਤੇ ਹੁਣ ਇਹ 5 ਸੈਂਟ ਪ੍ਰਤਿ ਰੈਵੇਨਿਊ ਡਾਲਰ ਆਉਂਦਾ ਹੈ।

ਬੀ.ਸੀ. ਸਰਕਾਰ ਕਰਜ਼ੇ ਨੂੰ ਸਹਿਣਯੋਗ ਹੱਦ ਤੱਕ ਰੱਖਣ ਅਤੇ ਆਪਣੀਆਂ ਦੇਣਦਾਰੀਆਂ ਦਾ ਸਾਵਧਾਨੀ ਸਹਿਤ ਪ੍ਰਬੰਧਨ ਕਰਨ ਲਈ ਪ੍ਰਤਿਬਧ ਹੈ। ਸੂਬਾਈ ਵਿਧਾਨ 'ਚ ਕੀਤੀਆਂ ਤਾਜ਼ਾ ਤਬਦੀਲੀਆਂ ਅਨੁਸਾਰ 2011/2012 'ਚ ਬੱਜਟ ਨੂੰ ਮੁੜ ਸੰਤੁਲਨ 'ਤੇ ਵਾਪਸ ਲਿਆਉਂਣ ਦੀ ਜ਼ਰੂਰਤ ਹੈ। ਕਾਨੂੰਨ ਮੁਤਾਬਿਕ ਅਤੇ ਸਰਕਾਰੀ ਪਾਲਿਸੀ ਦੇ ਅਨੁਸਾਰ ਚੱਲਦਿਆਂ ਪੂਰਕ ਅਨੁਮਾਨਾਂ ਦੁਆਰਾ ਸਾਲ ਦੇ ਅੰਤ 'ਤੇ ਕੀਤੇ ਜਾਣ ਵਾਲੇ ਕਿਸੇ ਵੀ ਅਖਤਿਆਰੀ ਖਰਚੇ ਦੇ ਕੀਤੇ ਜਾਣ ਤੋਂ ਪਹਿਲਾਂ, ਭਵਿੱਖ 'ਚ ਕੈਸ਼ 'ਚ ਹੋਣ ਵਾਲੇ ਕਿਸੇ ਵੀ ਵਾਧੇ ਨੂੰ ਪਹਿਲਾਂ ਚਾਲੂ ਕਰਜ਼ੇ ਨੂੰ ਪੂਰੀ ਤਰ੍ਹਾਂ ਉਤਾਰਨ ਵਾਸਤੇ ਵਰਤਿਆ ਜਾਵੇਗਾ। ਸੰਕੋਚਵੇਂ ਵਿੱਤੀ ਪ੍ਰਬੰਧਨ ਦੁਆਰਾ ਬ੍ਰਿਟਿਸ਼ ਕੁਲੰਬੀਆ ਦੀ ਸਰਕਾਰ ਨੇ ਇਕ ਮਜ਼ਬੂਤ ਵਿੱਤੀ ਆਧਾਰ ਸਥਾਪਤ ਕਰ ਲਿਆ ਹੈ ਜਿਸ ਉੱਪਰ ਭਵਿੱਖ ਦੀ ਉਸਾਰੀ ਕੀਤੀ ਜਾਵੇਗੀ।

## ਕਰਜ਼ੇ ਦਾ ਭਾਰ ਘੱਟ ਰਹਿੰਦਾ ਹੈ



# ਇਕਨਾਮਿਕ ਸਟਿਮੂਲਸ

***ਆਰਥਿਕ ਰਿਕਵਰੀ ਦਾ ਪੂੰਜੀਰੂਪਕ ਲਾਹਾ ਲੈਣਾ***

ਬੱਜਟ 2009 ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਮਜ਼ਬੂਤ ਭਵਿੱਖ ਦੀ ਉਸਾਰੀ ਕਰਦਾ ਹੈ। ਇਹ ਇਕ ਅਜਿਹੀ ਯੋਜਨਾਂ ਹੈ ਜਿਹੜੀ ਰੁਜ਼ਗਾਰ ਪੈਦਾ ਕਰਦੀ ਅਤੇ ਸੂਬੇ ਭਰ 'ਚ ਪਰਿਵਾਰਾਂ, ਬਿਜ਼ਨਸਾਂ ਅਤੇ ਕਮਿਊਨਿਟੀਆਂ ਲਈ ਭਰੋਸਾ ਤੇ ਸਥਿਰਤਾ ਪ੍ਰਦਾਨ ਕਰਦੀ ਹੈ। ਇਹ ਇਕ ਅਜਿਹੀ ਯੋਜਨਾਂ ਵੀ ਹੈ ਜਿਹੜੀ ਆ ਰਹੀ ਰਿਕਵਰੀ ਦਾ ਪੂਰਾ ਫਾਇਦਾ ਲਵੇਗੀ ਅਤੇ ਨਵੇਂ ਆਰਥਿਕ ਮੌਕਿਆਂ ਤੋਂ ਪੂੰਜੀਰੂਪਕ ਲਾਹਾ ਲਵੇਗੀ।

ਬੀ.ਸੀ. ਸਰਕਾਰ ਨੇ ਬੱਜਟ 2009 'ਚ ਇਕ ਧੜੱਲੇਦਾਰ ਯੋਜਨਾਂ ਤਿਆਰ ਕੀਤੀ ਹੈ ਜਿਹੜੀ ਬ੍ਰਿਟਿਸ਼ ਕੁਲੰਬੀਆ ਵਾਸੀਆਂ ਲਈ ਭਰੋਸੇ ਅਤੇ ਸਥਿਰਤਾ ਦੇ ਨਵੇਂ ਸਾਧਨ ਪੈਦਾ ਕਰੇਗੀ। ਇਹ ਸੂਬੇ ਦੇ ਹਰੇਕ ਖੇਤਰ 'ਚ ਹਜ਼ਾਰਾਂ ਰੁਜ਼ਗਾਰ ਅਤੇ ਨਵੇਂ ਮੌਕੇ ਪੈਦਾ ਕਰੇਗੀ, ਜਦੋਂ ਕਿ ਸਿਹਤ ਅਤੇ ਵਿਦਿਆ ਦੇ ਪ੍ਰਾਥਮਿਕ ਪ੍ਰੋਗਰਾਮਾਂ ਲਈ ਨਵੀਂ ਫੰਡਿੰਗ ਵੀ ਮੁਹੱਈਆ ਕਰਵਾਏਗੀ। ਇਹ ਅਜਿਹੀ ਯੋਜਨਾਂ ਹੈ ਜਿਹੜੀ ਵਰਤਮਾਨ ਅਤੇ ਭਵਿੱਖ ਦੀਆਂ ਚੁਣੌਤੀਆਂ ਨਾਲ ਨਿਪਟਣ 'ਚ ਮਦਦ ਕਰੇਗੀ ਜਦੋਂ ਕਿ ਨਾਲ ਹੀ ਜਿਉਂ ਜਿਉਂ ਅਸੀ ਭਵਿੱਖ ਵੱਲ ਨੂੰ ਅੱਗੇ ਵਧਾਂਗੇ, ਸਾਡੇ ਸੂਬੇ ਦੀਆਂ ਤਾਕਤਾਂ ਨੂੰ ਉਸਾਰਦੀ ਜਾਵੇਗੀ।

## *ਮੌਕਿਆਂ 'ਚ ਸ਼ਾਮਲ ਹੈ:*

» ***ਨਵੀਂ ਵਾਤਾਵਰਣ-ਸਹਾਇਕ ਆਰਥਿਕਤਾ 'ਚ ਪੂੰਜੀਨਿਵੇਸ਼*** – ਬੱਜਟ 2009 ਦੁਆਰਾ ਸਰਕਾਰ ਬੱਜਟ 2008 'ਚ ਵਾਤਾਵਰਣਕ ਤਬਦੀਲੀਆਂ ਨਾਲ ਨਜਿੱਠਣ ਅਤੇ ਬ੍ਰਿਟਿਸ਼ ਕੁਲੰਬੀਆ ਨੂੰ ਆਉਂਣ ਵਾਲੇ ਦਹਾਕਿਆਂ ਦੇ ਵਾਤਾਵਰਣ-ਸਹਾਇਕ ਆਰਥਿਕਤਾ ਦੇ ਆਗੂ ਵਜੋਂ ਸਥਾਪਤ ਕਰਨ 'ਚ ਅਗਾਂਹ ਮਦਦ ਦੇਣ ਲਈ ਵਾਅਦਾ ਕੀਤੇ ਗਏ 1 ਬਿਲੀਅਨ ਡਾਲਰਾਂ ਦੇ ਨਾਲ ਨਾਲ ਵਧੀਕ ਪੈਸੇ ਦਾ ਪੂੰਜੀਨਿਵੇਸ਼ ਕਰਨ ਜਾ ਰਹੀ ਹੈ।

» ***ਅੰਤਰਰਾਸ਼ਟਰੀ ਕਾਮਰਸ ਵਾਸਤੇ ਬੀ.ਸੀ. ਨੂੰ ਇਕ ਕੇਂਦਰ ਵਜੋਂ ਸਥਾਪਤ ਕਰਨਾਂ*** – ਸੂਬਾ ਸਰਕਾਰ ਵਿਦੇਸ਼ਾਂ 'ਚ ਆਰਥਿਕ ਮੌਕਿਆਂ ਦੇ ਵਿਸਥਾਰ ਅਤੇ ਬ੍ਰਿਟਿਸ਼ ਕੁਲੰਬੀਆ ਨੂੰ ਨਿਵੇਸ਼ਕਾਰਾਂ ਵਾਸਤੇ ਹੋਰ ਵੀ ਵਧੇਰੇ ਮਨਮੋਹਕ ਬਣਾਉਂਣ ਵਾਸਤੇ ਕੰਮ ਕਰ ਰਹੀ ਹੈ।

» ***2010 ਓਲਿੰਪਕ ਅਤੇ ਪੈਰਾਓਲਿੰਪਕ ਵਿੰਟਰ ਗੇਮਾਂ ਦੀ ਮੇਜ਼ਬਾਨੀ ਕਰਨਾਂ*** – ਬ੍ਰਿਟਿਸ਼ ਕੁਲੰਬੀਆ ਵਿਸ਼ਵ ਪੱਧਰ ਦੇ ਈਵੈਂਟ ਦੀ ਮੇਜ਼ਬਾਨੀ ਕਰਨ ਦੇ ਮੌਕਿਆਂ ਦਾ ਪੂੰਜੀਰੂਪਕ ਲਾਹਾ ਲਵੇਗਾ।ੜਔੌਛ ਦੇ ਰਾਹੀਂ ਅਗਲੇ ਸਾਲ ਦੌਰਾਨ ਗੇਮਾਂ ਬੀ.ਸੀ. ਦੀ ਆਰਥਿਕਤਾ 'ਚ ਲੋੜੀਂਦੇ ਰੁਜ਼ਗਾਰ ਅਤੇ ਮੌਕਾ ਪੈਦਾ ਕਰਨ ਦੁਆਰਾ, 3 ਮਿਲੀਅਨ ਡਾਲਰ ਰੋਜ਼ਾਨਾਂ ਦਾ ਹਿੱਸਾ ਪਾਉਂਣਗੀਆਂ। ਓਲਿੰਪਕਸ ਦੌਰਾਨ ਬ੍ਰਿਟਿਸ਼ ਕੁਲੰਬੀਆ ਬੜੀ ਵਿਸ਼ੇਸ਼ ਪ੍ਰਕਾਰ ਦੀ ਕਵਰੇਜ ਅਤੇ ਟੂਰਿਜ਼ਮ ਵੀ ਹਾਸਲ ਕਰੇਗਾ ਜਿਸ ਨਾਲ ਬ੍ਰਿਟਿਸ਼ ਕੁਲੰਬੀਆ ਦਾ ਰਹਿਣ, ਕੰਮ ਕਰਨ ਅਤੇ ਖੇਡਣ ਮੱਲ੍ਹਣ ਲਈ ਸਭ ਤੋਂ ਵਧੀਆ ਜਗਹ ਵਜੋਂ ਪ੍ਰੋਫਾਈਲ ਉੱਚਾ ਹੋਵੇਗਾ।

» ***ਏਸ਼ੀਆ ਪੈਸੇਫਿਕ ਗੇਟਵੇਅ ਦਾ ਵਿਸਥਾਰ ਕਰਨਾਂ*** – ਬੀ.ਸੀ. ਆਪਣੀ ਭੂਗੋਲਿਕ ਸਥਿਤੀ ਦਾ ਏਸ਼ੀਆ-ਪੈਸੇਫਿਕ ਵਪਾਰ ਭਾਈਵਾਲਾਂ ਨਾਲ ਸਬੰਧਾਂ 'ਚ ਵਿਸਥਾਰ ਕਰਨ ਦੁਆਰਾ ਪੂੰਜੀਰੂਪਕ ਲਾਹਾ ਲੈ ਰਿਹਾ ਹੈ। ਸੂਬਾ ਸਰਕਾਰ ਨੇ ਵਿਦੇਸ਼ਾਂ ਵਿਚ ਆਪਣੇ ਨਵੇਂ ਵਪਾਰ ਅਤੇ ਪੂੰਜੀਨਿਵੇਸ਼ ਕੇਂਦਰ ਖੋਲ੍ਹੇ ਹਨ। ਇਹ ਇੰਨ੍ਹਾਂ ਉੱਦਮਾਂ ਦੁਆਰਾ ਵਪਾਰ ਮੌਕਿਆਂ ਨੂੰ ਵਧਾ ਰਿਹਾ ਹੈ: ਗੇਟਵੇਅ ਪ੍ਰਾਜੈਕਟ, ਪ੍ਰਿੰਸ ਰੂਪਰਟ ਸ਼ਿੱਪਿੰਗ ਟਰਮੀਨਲ ਅਤੇ ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ।

ਇਸ ਕਾਗਜ਼ 'ਚ ਖਪਤਕਾਰ ਵੱਲੋਂ ਪਹਿਲਾਂ ਵਰਤਿਆ ਹੋਇਆ ਰੀਸਾਇਕਲ ਰੇਸ਼ਾ ਮੌਜੂਦ ਹੈ। ਇਸ ਦਸਤਾਵੇਜ਼ ਦੇ ਉਤਪਾਦਨ 'ਚ ਸੰਰੱਖਿਅਣ ਦੇ ਉੱਤਮ ਅਮਲ ਸ਼ਾਮਲ ਰਹੇ ਜਿਨ੍ਹਾਂ ਦੇ ਨਤੀਜੇ ਵਜੋਂ ਵਾਤਾਵਰਣ 'ਚ ਇਹ ਬੱਚਤਾਂ ਹੋਈਆਂ: ਨਵੇਂ ਰੇਸ਼ੇ ਦੀ ਥਾਵੇਂ 640 ਕਿਲੋਗਰਾਮ ਖਪਤਕਾਰ ਦੁਆਰਾ ਪਹਿਲਾਂ ਵਰਤਿਆ ਹੋਇਆ ਫੋਕਟ ਵਰਤਿਆ ਗਿਆ, 347.5 ਕਿਲੋਗਰਾਮ ਠੋਸ ਫੋਕਟ ਘਟਿਆ, 3,191 ਲਿਟਰ ਪਾਣੀ ਘੱਟ ਲੱਗਿਆ, 1,100 ਕਿਲੋਵਾਟ ਘੰਟੇ ਬਿਜਲੀ ਦੇ ਘੱਟ ਲੱਗੇ ਅਤੇ 632 ਕਿਲੋਗਰਾਮ ਗਰੀਨਹਾਊਸ ਗੈਸਾਂ ਘੱਟ ਪੈਦਾ ਹੋਈਆਂ। ਕਿਰਪਾ ਕਰਕੇ ਰੀਸਾਇਕਲ ਕਰੋ।